بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّي عَلٰى رَسُوْلِهِ الْكَرِيْمِ وَعَلٰى عَبْدِهِ الْمَسِيْحِ الْمَوْعُوْدِ
لَا إِلٰهَ إِلَّا اللّٰهُ مُحَمَّدٌ رَّسُوْلُ اللّٰهِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਗ਼ੁਲਾਮਿ ਸਾਦਿਕ਼ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀਆਂ ਸ਼ਫ਼ਕ਼ਤਾਂ ਅਤੇ ਦਾਨ ਪੁੰਨ ਦਾ ਈਮਾਨ ਅਫ਼ਰੋਜ਼ ਤਜ਼ਕਿਰਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 03 ਜੁਲਾਈ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀਆਂ ਸ਼ਫ਼ਕ਼ਤਾਂ (ਨਰਮੀਆਂ) ਅਤੇ ਦਾਨ ਪੁੰਨ ਦੇ ਕੁੱਝ ਵਾਕ਼ਿਆਤ ਪੇਸ਼ ਕਰਾਂਗਾ।

ਹਜ਼ਰਤ ਸ਼ੇਖ਼ ਯਅਕੂਬ ਅਲੀ ਇਰਫ਼ਾਨੀ ਰਜ਼ਿ ਅੱਲਾਹੁ ਅਨਹੁ ਲਿਖਦੇ ਹਨ ਕਿ ਆਪ عليه السلام ਦੀ ਅਤਾ ਇੱਕ ਵਹਿੰਦੇ ਹੋਏ **ਦਰਿਆ** ਵਾਂਗਰਾਂ ਸੀ ਅਤੇ ਆਪ عليه السلام ਦਾ ਹੱਥ ਵਰ੍ਹਨ ਵਾਲੇ **ਬੱਦਲ** ਵਾਂਗਰਾਂ ਸੀ ਜਿਹੜਾ ਮੀਂਹ ਵਰ੍ਹਾਉਂਦਾ ਚਲਾ ਜਾਂਦਾ ਸੀ ਅਤੇ ਇਹ ਸਿਲਸਿਲਾ ਰਮਜ਼ਾਨ ਦੇ ਮਹੀਨੇ ਵਿੱਚ ਬਹੁਤ ਵਧ ਜਾਂਦਾ ਸੀ।

ਹਜ਼ਰਤ ਅਬਦੁਲ ਗ਼ੱਫ਼ਾਰ ਕਸ਼ਮੀਰੀ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਜਦ ਉਨ੍ਹਾਂ ਦਾ ਵਿਆਹ ਹੋਇਆ ਤਾਂ ਹਜ਼ੂਰ عليه السلام ਨੇ ਉਨ੍ਹਾਂ ਨੂੰ ਦੋ ਕ਼ੀਮਤੀ ਗਹਿਣੇ ਦਿੱਤੇ ਅਤੇ ਇਹ ਗੱਲ ਹਜ਼ੂਰ عليه السلام ਦੀ ਬਿਅਸਤ ਤੋਂ ਪਹਿਲਾਂ ਦੀ ਹੈ ਜਦ ਆਪ عليه السلام ਅਜੇ **ਗੁਮਨਾਮੀ** ਦੀ ਜ਼ਿੰਦਗੀ ਬਸਰ ਕਰਦੇ ਸਨ।

ਬਸ਼ੀਰ ਭੱਟੀ ਸਾਹਿਬ ਦੀ ਵਾਲਦਾ ਬਿਆਨ ਕਰਦੀ ਹਨ ਕਿ ਹਜ਼ਰਤ ਮਿਰਜ਼ਾ ਬਸ਼ੀਰੁਦ ਦੀਨ ਮਹਮੂਦ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਦੇ ਵਿਆਹ ਦੇ ਮੌਕ਼ੇ 'ਤੇ ਇੱਕ **ਮਰਾਸੀ** ਔਰਤ ਢੋਲ ਲੈ ਕੇ ਆਈ ਅਤੇ ਵਜਾਉਣਾ ਸ਼ੁਰੂ ਕਰ ਦਿੱਤਾ। ਹਜ਼ੂਰ عليه السلام ਨੇ ਫ਼ਰਮਾਇਆ ਕਿ ਇਸ ਨੂੰ ਕਹੋ ਕਿ ਇਹ ਨਾ ਵਜਾਵੇ ਅਤੇ ਜੋ ਕੁੱਝ ਇਹ ਮੰਗਦੀ ਹੈ ਇਸ ਨੂੰ ਦੇ ਦਿਓ। ਚੁਨਾਂਚਿ ਉਸ ਨੂੰ ਚਾਰ ਪੰਜ ਰੁਪਈਏ ਦੇ ਦਿੱਤੇ ਗਏ। ਫਿਰ ਉਹ ਕਹਿਣ ਲੱਗੀ ਕਿ ਮੈਨੂੰ ਠੰਡ ਲੱਗਦੀ ਹੈ। ਇਸ 'ਤੇ ਆਪ عليه السلام ਨੇ ਉਸ ਨੂੰ ਇੱਕ **ਰਜ਼ਾਈ** ਵੀ ਦਵਾ ਦਿੱਤੀ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਸਭ ਤੋਂ ਪਹਿਲੀ ਗੱਲ ਇਹ ਜ਼ਹਿਨ ਨਸ਼ੀਨ ਕਰ ਲੈਣੀ ਚਾਹੀਦੀ ਹੈ ਕਿ ਆਪ عليه السلام ਨੂੰ ਕਿਸੇ ਕ਼ਿਸਮ ਦੇ ਖ਼ਾਸ **ਲਿਬਾਸ** ਦਾ ਸ਼ੌਕ਼ ਨਹੀਂ ਸੀ। ਆਖ਼ਰੀ ਦਿਨਾਂ ਦੇ ਕੁੱਝ ਸਾਲਾਂ ਵਿੱਚ ਆਪ عليه السلام ਦੇ ਕੋਲ ਸੀਤੇ ਸਤਾਏ ਕੱਪੜੇ ਬਹੁਤ ਆਉਂਦੇ ਸਨ, ਖ਼ਾਸ ਤੌਰ 'ਤੇ ਕੋਟ ਵਗ਼ੈਰਾ। **ਪਗੜੀ** ਅਕਸਰ ਆਪ عليه السلام ਖ਼ਰੀਦ ਕੇ ਬੰਨ੍ਹਦੇ ਸਨ। ਜਿਸ ਤਰ੍ਹਾਂ ਕੱਪੜੇ ਤਿਆਰ ਹੁੰਦੇ ਸਨ ਉਸੇ ਤਰ੍ਹਾਂ ਖ਼ਰਚ ਵੀ ਹੁੰਦੇ ਜਾਂਦੇ ਸਨ (ਯਾਨੀ **ਤਬੱਰੁਕ** ਨੂੰ ਮੰਗਣ ਵਾਲਿਆਂ ਨੂੰ ਅਤਾ ਕਰ ਦਿੱਤੇ ਜਾਂਦੇ ਸੀ।)

ਹਜ਼ਰਤ ਮੀਰ ਮੀਰ ਮਹਦੀ ਹੁਸੈਨ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਇੱਕ ਵਾਰ ਹਜ਼ਰਤ ਮੌਲਵੀ ਮੁਹੰਮਦ ਅਹਸਨ ਰਜ਼ਿ ਅੱਲਾਹੁ ਅਨਹੁ ਨੇ ਮੇਰੇ ਕੋਲੋਂ "**ਚਸ਼ਮਏ ਮਸੀਹੀ**" ਦਾ ਇੱਕ ਨੁਸਖ਼ਾ ਮੰਗਿਆ। ਮੈਂ ਜਵਾਬ ਦਿੱਤਾ ਕਿ ਹਜ਼ੂਰ عليه السلام ਨੇ ਫ਼ਰਮਾਇਆ ਹੈ ਕਿ ਇੰਨੇ ਨੁਸਖ਼ੇ ਦਫ਼ਤਰ ਵਿੱਚ ਮੌਜੂਦ ਹੋਣੇ ਚਾਹੀਦੇ ਹਨ ਕਿਉਂਕਿ ਕਈ ਵਾਰ

ਗੌਰਮੈਂਟ ਮੰਗਦੀ ਹੈ। ਹੁਣ ਕੋਈ ਨੁਸਖ਼ਾ ਵਾਧੂ ਨਹੀਂ ਹੈ। ਤੁਸੀਂ ਹਜ਼ੂਰ عليه السلام ਦੀ ਖ਼ਿਦਮਤ ਵਿੱਚ ਲਿਖ ਕੇ ਅਰਜ਼ ਕਰ ਸਕਦੇ ਹੋ। ਉਨ੍ਹਾਂ ਦੇ ਲਿਖਣ 'ਤੇ ਹਜ਼ੂਰ عليه السلام ਨੇ ਇੱਕ ਨੁਸਖ਼ਾ ਅਤਾ ਫ਼ਰਮਾ ਦਿੱਤਾ।

ਹਜ਼ਰਤ ਮੁਨਸ਼ੀ ਜ਼ਫ਼ਰ ਅਹਮਦ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਹਜ਼ੂਰ عليه السلام ਦੇ ਕੋਲ਼ **ਮੁਸ਼ਕ** ਹੁੰਦੀ ਸੀ। ਇੱਕ ਵਾਰ ਮੈਂ ਅਰਜ਼ ਕੀਤਾ ਕਿ ਹਜ਼ੂਰ! ਮੈਨੂੰ ਮੁਸ਼ਕ ਚਾਹੀਦੀ ਹੈ। ਹਜ਼ੂਰ عليه السلام ਨੇ ਇਸ 'ਤੇ ਡੱਬੀ ਮੇਰੇ ਅੱਗੇ ਕਰ ਦਿੱਤੀ ਕਿ ਇਸ ਵਿੱਚੋਂ ਜਿੰਨੀ ਚਾਹੀਦੀ ਹੈ ਲੈ ਲਵੋ। ਮੈਂ ਉਸ ਵਿੱਚੋਂ ਥੋੜੀ ਜਿਹੀ ਚੁੱਕ ਲਈ ਤਾਂ ਹਜ਼ੂਰ عليه السلام ਨੇ ਮੁਸਕੁਰਾ ਕੇ ਫ਼ਰਮਾਇਆ ਕਿ ਇਹ ਤਾਂ ਕੁੱਝ ਵੀ ਨਹੀਂ ਹੈ ਅਤੇ ਫਿਰ ਤੋਲ਼ਾ ਡੇਢ ਤੋਲ਼ਾ ਦੇ ਨਜ਼ਦੀਕ ਮੁਸ਼ਕ ਹਜ਼ੂਰ عليه السلام ਨੇ ਖ਼ੁਦ ਮੈਨੂੰ ਦੇ ਦਿੱਤੀ।

ਆਪ عليه السلام ਦੇ ਦਿਲ ਵਿੱਚ ਆਪਣੇ ਦੋਸਤਾਂ ਦੇ ਲਈ ਕਿੰਨਾ ਦਰਦ ਸੀ ਇਸ ਦਾ ਇੱਕ ਵਾਕ਼ਿਆ ਇੰਝ ਮਿਲ਼ਦਾ ਹੈ ਕਿ ਹਜ਼ਰਤ ਹਕੀਮ ਫ਼ਜ਼ਲੁੱਰ ਰਹਮਾਨ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਮੇਰੀ ਬੀਵੀ ਨੂੰ ਬੱਚਾ ਹੋਇਆ ਅਤੇ ਉਸ ਦੇ ਸੱਤਵੇਂ ਦਿਨ ਮਗ਼ਰਿਬ ਦੇ ਕ਼ਰੀਬ ਉਸ ਨੂੰ **ਤਸ਼ੱਨੁਜ** ਦੇ ਅਸਰ ਜ਼ਾਹਿਰ ਹੋਣ ਲੱਗੇ। ਮੈਂ ਮਗ਼ਰਿਬ ਦੇ ਬਾਅਦ ਹਜ਼ੂਰ عليه السلام ਦੇ ਕੋਲ਼ ਦੌੜਾ ਗਿਆ। ਹਜ਼ੂਰ عليه السلام ਨੇ ਫ਼ਰਮਾਇਆ ਕਿ ਇਹ ਤਾਂ ਬਹੁਤ **ਖ਼ਤਰਨਾਕ** ਮਰਜ਼ ਹੈ। ਤੁਸੀਂ ਆਪਣੀ ਬੀਵੀ ਨੂੰ **ਹਿੰਗ** ਦਿਓ ਅਤੇ ਘੰਟੇ ਡੇਢ ਘੰਟੇ ਬਾਅਦ ਮੈਨੂੰ ਸੂਚਨਾ ਦਿਓ। ਮੈਂ ਇਸ਼ਾਅ ਦੇ ਬਾਅਦ ਦੁਬਾਰਾ ਗਿਆ ਅਤੇ ਅਰਜ਼ ਕੀਤਾ ਕਿ ਮਰਜ਼ ਵਧ ਗਿਆ ਹੈ। ਹਜ਼ੂਰ عليه السلام ਵੱਖ ਵੱਖ ਦਵਾਈਆਂ ਦਿੰਦੇ ਰਹੇ ਪਰ ਮਰਜ਼ ਵਧਦਾ ਹੀ ਚਲਾ ਗਿਆ ਇਥੋਂ ਤੱਕ ਕਿ ਇੱਕ ਵੇਲੇ਼ ਮੇਰੀ ਬੀਵੀ ਨੂੰ **ਉਲਟੀ** ਹੋਈ ਜਿਹੜੀ ਉਸ ਮਰਜ਼ ਦਾ ਆਖ਼ਰੀ ਮਰਹਲਾ ਹੁੰਦੀ ਹੈ। ਉਸ ਦੇ ਬਾਅਦ ਸਾਹ **ਉੱਖੜ** ਗਿਆ, ਧੌਣ ਪਿੱਛੇ ਨੂੰ **ਖਿੱਚੀ** ਗਈ, ਅੱਖਾਂ ਵਿੱਚ **ਹਨੇਰਾ** ਆ ਗਿਆ ਅਤੇ ਜ਼ੁਬਾਨ **ਬੰਦ** ਹੋ ਗਈ। ਮੈਂ ਭੱਜ ਕੇ ਪੌੜੀਆਂ 'ਤੇ ਚੜ੍ਹਿਆ। ਹਜ਼ੂਰ عليه السلام ਨੇ ਮੇਰੀ ਆਵਾਜ਼ ਸੁਣ ਕੇ ਬੂਹਾ ਖੋਲ੍ਹ ਦਿੱਤਾ ਅਤੇ ਫ਼ਰਮਾਇਆ ਕਿਉਂ ਖ਼ੈਰ ਹੈ? ਮੈਂ ਅਰਜ਼ ਕੀਤਾ ਕਿ ਹੁਣ ਤਾਂ ਹਾਲਤ ਬਹੁਤ ਖ਼ਰਾਬ ਹੋ ਗਈ ਹੈ। ਹਜ਼ੂਰ عليه السلام ਨੇ ਸਾਰੀ ਤਫ਼ਸੀਲ ਸੁਣ ਕੇ ਫ਼ਰਮਾਇਆ ਕਿ ਦੁਨੀਆ ਦੇ ਜਿੰਨੇ ਹਥਿਆਰ ਸਨ ਉਹ ਸਭ ਅਸੀਂ ਚਲਾ ਲਏ ਹੁਣ ਇੱਕ ਹਥਿਆਰ ਬਾਕ਼ੀ ਹੈ ਜਿਹੜਾ **ਦੁਆ** ਹੈ। ਤੁਸੀਂ ਜਾਓ ਹੁਣ ਮੈਂ ਦੁਆ 'ਚੋਂ ਉਸ ਵੇਲੇ਼ ਸਿਰ ਚੁੱਕਾਂਗਾ ਜਦ ਉਸ ਨੂੰ ਸਿਹਤ ਹੋ ਜਾਵੇਗੀ। ਮੈਂ ਇਹ ਸੁਣ ਕੇ ਵਾਪਸ ਆਇਆ ਅਤੇ ਬੀਵੀ ਨੂੰ ਕਿਹਾ ਕਿ ਹੁਣ ਤੈਨੂੰ ਕੀ **ਫ਼ਿਕਰ** ਹੈ? ਹੁਣ ਤਾਂ ਠੇਕੇਦਾਰ ਨੇ ਠੇਕਾ ਲੈ ਲਿਆ ਹੈ। ਉਸ ਵੇਲੇ਼ ਰਾਤ ਦੇ ਦੋ ਵੱਜ ਚੁੱਕੇ ਸਨ। ਮੈਂ ਘਰ ਆਇਆ ਅਤੇ ਆਪਣੀ ਬੀਵੀ ਨੂੰ ਇਸੇ ਹਾਲਤ ਵਿੱਚ ਛੱਡ ਕੇ ਦੂਸਰੇ ਕਮਰੇ ਵਿੱਚ ਜਾ ਕੇ ਸੌਂ ਗਿਆ। ਸਵੇਰੇ ਕਿਸੇ ਭਾਂਡੇ ਦੇ ਖੜਾਕ ਨਾਲ਼ ਮੇਰੀ ਅੱਖ ਖੁੱਲ੍ਹੀ ਤਾਂ ਦੇਖਿਆ ਕਿ ਬੀਵੀ ਸਿਹਤਯਾਬ ਹੋ ਚੁੱਕੀ ਹੈ। ਉਸ ਨੇ ਦੱਸਿਆ ਕਿ ਤੁਸੀਂ ਤਾਂ ਸੌਂ ਰਹੇ ਸੀ। ਦੋ ਘੰਟੇ ਬਾਅਦ ਅੱਲਾਹ ਤਆਲਾ ਨੇ ਫ਼ਜ਼ਲ ਕਰ ਦਿੱਤਾ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਵਾਕ਼ੇ ਵਿੱਚ ਦੋਸਤਾਂ ਦੇ ਲਈ **ਦਰਦ** ਅਤੇ **ਅਤਾ** ਦੋਹਾਂ ਦੇ ਉੱਚੇ ਤਰੀਨ ਮਿਆਰਾਂ ਦਾ ਪਤਾ ਚੱਲਦਾ ਹੈ।

ਇੱਕ ਵਾਰ ਕਾਦੀਆਂ ਦੇ ਇੱਕ ਸਖ਼ਤ ਦੁਸ਼ਮਣ ਨੂੰ ਆਪਣੇ ਕਿਸੇ ਅਜ਼ੀਜ਼ ਦੇ ਲਈ **ਮੁਸ਼ਕ** ਦੀ ਲੋੜ ਪਈ। ਸਿਰਫ਼ ਇਹ ਨਹੀਂ ਕਿ ਮੁਸ਼ਕ ਮਿਲ਼ਦੀ ਨਹੀਂ ਸੀ ਬਲਕਿ ਇਹ ਬਹੁਤ ਕ਼ੀਮਤੀ ਚੀਜ਼ ਸੀ। ਉਹ ਹਜ਼ੂਰ عليه السلام ਦੇ ਬੂਹੇ 'ਤੇ ਗਿਆ ਅਤੇ ਮੁਸ਼ਕ ਮੰਗੀ। ਹਜ਼ੂਰ عليه السلام ਨੇ ਫ਼ੌਰਨ ਹੀ ਅੱਧੇ ਤੋਲੇ਼ ਦੇ ਕ਼ਰੀਬ ਮੁਸ਼ਕ ਉਸ ਦੇ ਹਵਾਲੇ ਕਰ ਦਿੱਤੀ। ਜਦ **ਤਾਊਨ** (ਪਲੇਗ) ਫੈਲਿਆ ਤਾਂ ਹਜ਼ੂਰ عليه السلام ਨੇ ਅੱਲਾਹ ਤਆਲਾ ਦੀ ਵਹੀ ਅਤੇ ਇਲਮ ਦੇ ਤਹਿਤ ਇੱਕ ਦਵਾਈ ਤਿਆਰ ਕਰਨੀ ਸ਼ੁਰੂ ਕੀਤੀ ਅਤੇ ਉਸ ਦਾ ਨਾਮ "**ਤਿਰਯਾਕ਼ਿ ਇਲਾਹੀ**" ਰੱਖਿਆ। ਉਸ ਦਵਾਈ ਵਿੱਚ ਕਈ ਹਜ਼ਾਰ ਦੇ ਜਵਾਹਰਾਤ ਪਾਏ ਗਏ, ਬਹੁਤ ਸਾਰੀਆਂ ਕੀਮਤੀ ਦਵਾਈਆਂ ਪਾਈਆਂ ਗਈਆਂ। ਜਦ ਇਹ ਦਵਾਈ ਤਿਆਰ ਹੋਈ ਤਾਂ ਹਜ਼ੂਰ عليه السلام ਨੇ ਨਿਹਾਇਤ ਖੁੱਲ੍ਹ ਦਿਲੀ ਦੇ ਨਾਲ਼ ਉਸ ਨੂੰ ਵੰਡਿਆ। ਬਾਹਰੋਂ ਮੰਗਣ ਵਾਲਿ਼ਆਂ ਨੂੰ ਰਜਿਸਟਰਡ ਪਾਰਸਲ ਵੀ ਆਪਣੇ ਖ਼ਰਚੇ 'ਤੇ ਭਿਜਵਾਉਂਦੇ ਰਹੇ।

ਹਜ਼ਰਤ ਮੁਫ਼ਤੀ ਮੁਹੰਮਦ ਸਾਦਿਕ਼ ਰਜ਼ਿ ਅੱਲਾਹੁ ਅਨਹੁ ਨੇ ਆਪਣੇ ਖ਼ਤ ਵਿੱਚ ਹਜ਼ੂਰ عليه السلام ਨੂੰ ਅਰਜ਼ ਕੀਤਾ ਕਿ **ਹਮਲ** (ਗਰਭ) ਦੇ ਕਾਰਨ ਘਰ ਵਿੱਚ ਅਜਿਹੀ ਤਕਲੀਫ਼ ਹੈ ਕਿ ਖਾਣਾ ਤਿਆਰ ਨਹੀਂ ਹੋ ਸਕਦਾ। **ਰੋਟੀ** ਤਾਂ ਤੰਦੂਰ ਤੋਂ ਪਕਵਾ ਲਈ ਜਾਂਦੀ ਹੈ ਪਰ **ਹਾਂਡੀ** ਦੇ ਵਾਸਤੇ ਮੁਸ਼ਕਿਲ ਹੈ ਅਤੇ ਗੁਜ਼ਾਰਿਸ਼ ਕੀਤੀ ਕਿ ਲੰਗਰ ਤੋਂ ਖਾਣਾ ਲਗਵਾ ਦਿੱਤਾ

ਜਾਵੇ। ਇਸ ‘ਤੇ ਹਜ਼ੂਰ عليه السلام ਨੇ ਲੰਗਰ ਦੇ ਇੰਚਾਰਜ ਨੂੰ ਹਿਦਾਇਤ ਕੀਤੀ ਕਿ ਮੁਫ਼ਤੀ ਸਾਹਿਬ ਨੂੰ ਲੰਗਰ ਤੋਂ ਦੋ ਵੇਲੇ ਉਮਦਾ ਸਾਲਨ ਦੇ ਦਿਆ ਕਰੋ।

ਇੱਕ ਵਾਰ ਤਹਰੀਕ਼ ਦੇ ਲਈ ਇੱਕ ਟੀਮ **ਨਸੀਬੀਨ** ਭਿਜਵਾਏ ਜਾਣ ਦਾ ਫ਼ੈਸਲਾ ਹੋਇਆ। ਟੀਮ ਦੇ ਮੈਂਬਰਾਂ ਦੀ ਤਿਆਰੀ ਦੇ ਲਈ ਹਜ਼ੂਰ ਨੇ 50-50 ਰੁਪਏ ਅਤਾ ਫ਼ਰਮਾਏ। ਬਾਅਦ ਵਿੱਚ ਕਿਸੇ ਕਾਰਨ ਇਹ ਟੀਮ ਨਾ ਜਾ ਸਕੀ। ਜਦ ਟੀਮ ਦੇ ਇੱਕ ਮੈਂਬਰ ਨੇ ਉਹ 50 ਰੁਪਏ ਵਾਪਸ ਕਰਨੇ ਚਾਹੇ ਤਾਂ ਹਜ਼ੂਰ عليه السلام ਨੇ ਫ਼ਰਮਾਇਆ ਕਿ ਜੋ ਅਸੀਂ ਕਿਸੇ ਨੂੰ ਦੇ ਦਿੰਦੇ ਹਾਂ ਉਹ ਅਸੀਂ ਵਾਪਸ ਨਹੀਂ ਲੈਂਦੇ।

ਇੱਕ ਵਾਰ ਲੰਗਰ ਦੇ ਲਈ ਖ਼ਰਚਾ ਖ਼ਤਮ ਹੋ ਗਿਆ ਤਾਂ ਹਜ਼ੂਰ عليه السلام ਨੇ ਫ਼ਰਮਾਇਆ ਕਿ ਬੀਬੀ ਸਾਹਿਬਾ ਤੋਂ ਕੋਈ **ਗਹਿਣਾ** ਲੈ ਕੇ ਜਿਹੜਾ ਕਾਫ਼ੀ ਹੋ ਸਕੇ। ਉਸ ਨੂੰ ਵੇਚ ਕੇ ਸਮਾਨ ਕਰ ਲਓ। ਦੋ ਦਿਨ ਦੇ ਬਾਅਦ ਫਿਰ ਖ਼ਰਚਾ ਖ਼ਤਮ ਹੋ ਗਿਆ ਤਾਂ ਹਜ਼ੂਰ عليه السلام ਨੇ ਫ਼ਰਮਾਇਆ ਕਿ ਅਸੀਂ ਤਾਂ ਜ਼ਾਹਿਰੀ ਜ਼ਰੀਏ ਦੀ ਰਿਆਇਤ ਰੱਖਦੇ ਹੋਏ ਇੰਤਜ਼ਾਮ ਕਰ ਦਿੱਤਾ ਸੀ। ਹੁਣ ਸਾਨੂੰ ਲੋੜ ਨਹੀਂ, ਜਿਸ ਦੇ **ਮਹਿਮਾਨ** ਹਨ ਉਹ ਖ਼ੁਦ ਇੰਤਜ਼ਾਮ ਕਰੇਗਾ। ਚੁਨਾਂਚਿ ਸਵੇਰੇ ਅੱਠ ਨੌਂ ਵਜੇ ਜਦ ਡਾਕੀਆ ਆਇਆ ਤਾਂ ਉਸ ਦੇ ਹੱਥ ਵਿੱਚ 10-15 ਦੇ ਕ਼ਰੀਬ ਮਨੀ ਆਰਡਰ ਸਨ ਜਿਹੜੇ 100-100, 50-50 ਰੁਪਏ ਦੇ ਸਨ ਜਿਹੜੇ ਵੱਖ-ਵੱਖ ਜਗਾਹਾਂ ਤੋਂ ਆਏ ਸਨ। ਹਜ਼ੂਰ عليه السلام ਨੇ ਉਹ ਮਨੀ ਆਰਡਰ ਵਸੂਲ ਕਰਕੇ **ਤਵੱਕੁਲ** ਦੇ ਉੱਤੇ ਤਕ਼ਰੀਰ ਕੀਤੀ।

ਇੱਕ ਵਾਰ ਅਕਾਲ ਦਾ ਜ਼ੋਰ ਹੋਇਆ ਤਾਂ ਹਜ਼ੂਰ عليه السلام ਨੇ ਹੁਕਮ ਦਿੱਤਾ ਕਿ ਲੰਗਰ ਵਿੱਚ ਆਟਾ ਪੱਕਦਾ ਰਹੇ ਅਤੇ ਰੋਟੀ ਤਿਆਰ ਰਹੇ। ਰੋਟੀ ਮੰਗਣ ਵਾਲੇ ਨੂੰ ਰੋਟੀ ਦਿੱਤੀ ਜਾਵੇ ਅਤੇ ਕੋਈ ਖ਼ਾਲੀ ਹੱਥ ਨਾ ਜਾਵੇ।

ਹਜ਼ਰਤ ਸ਼ੇਖ਼ ਹਾਮਿਦ ਅਲੀ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਆਖ਼ਰੀ ਉਮਰ ਤੱਕ ਹਜ਼ੂਰ عليه السلام ਨੇ ਮੇਰੇ ਕੋਲੋਂ ਕਦੀ ਹਿਸਾਬ ਨਹੀਂ ਮੰਗਿਆ ਅਤੇ ਨਾ ਕਦੀ ਨਾਰਾਜ਼ ਹੋਏ।

ਹਜ਼ਰਤ ਸ਼ੇਖ਼ ਅਹਮਦ ਦੀਨ ਰਜ਼ਿ ਅੱਲਾਹੁ ਅਨਹੁ ਨੂੰ ਇੱਕ ਵਾਰ ਹਜ਼ੂਰ عليه السلام ਨੇ ਕਿਸੇ ਕੰਮ ਨਾਲ ਰਵਾਨਾ ਕੀਤਾ ਅਤੇ ਹਿਦਾਇਤ ਫ਼ਰਮਾਈ ਕੇ ਅਗਲੇ ਦਿਨ ਜਲਦੀ ਆ ਜਾਣਾ। ਉਹ ਬਿਆਨ ਕਰਦੇ ਹਨ ਕਿ ਮੈਂ ਅਗਲੇ ਦਿਨ ਦੇਰ ਨਾਲ ਪਹੁੰਚਿਆ ਤਾਂ ਹਜ਼ੂਰ عليه السلام ਮੇਰੀ ਫ਼ਿਕਰ ਵਿੱਚ ਇੱਕ ਆਦਮੀ ਰਵਾਨਾ ਕਰ ਚੁੱਕੇ ਸਨ। ਮੈਂ ਜਦ ਹਜ਼ੂਰ عليه السلام ਦੀ ਖ਼ਿਦਮਤ ਵਿੱਚ ਪਹੁੰਚਿਆ ਤਾਂ ਸਭ ਤੋਂ ਪਹਿਲਾਂ ਹਜ਼ੂਰ عليه السلام ਨੇ ਫ਼ਰਮਾਇਆ ਕਿ ਤੁਹਾਨੂੰ ਕੋਈ ਤਕਲੀਫ਼ ਤਾਂ ਨਹੀਂ ਹੋਈ। ਹਜ਼ੂਰ عليه السلام ਦੇ ਹਾਲ ਪੁੱਛਣ ਨਾਲ ਮੇਰਾ ਦਿਲ ਬਾਗ਼-ਬਾਗ਼ ਹੋ ਗਿਆ। ਮੈਂ ਹਿਸਾਬ ਦੇਣਾ ਚਾਹਿਆ ਤਾਂ ਹਜ਼ੂਰ عليه السلام ਨੇ ਫ਼ਰਮਾਇਆ ਸਾਡਾ ਅਤੇ ਤੁਹਾਡਾ ਕੀ ਹਿਸਾਬ। ਇਹ ਪੈਸੇ ਤੁਸੀਂ ਆਪਣੀ ਜ਼ਰੂਰਤ ਵਿੱਚ ਖ਼ਰਚ ਕਰ ਲਵੋ।

ਹਜ਼ਰਤ ਹਕੀਮ ਮੌਲਵੀ ਨੂਰੁੱਦ ਦੀਨ ਰਜ਼ਿ ਅੱਲਾਹੁ ਅਨਹੁ ਨੇ ਹਜ਼ੂਰ عليه السلام ਕੋਲੋਂ ਇੱਕ ਵਾਰ ਕੁੱਝ **ਕ਼ਰਜ਼ਾ** ਲਿਆ। ਜਦ ਆਪ ؓ ਨੇ ਉਹ ਕ਼ਰਜ਼ੇ ਦਾ ਰੁਪਈਆ ਵਾਪਸ ਭਿਜਵਾਇਆ ਤਾਂ ਹਜ਼ੂਰ عليه السلام ਨੇ ਇਹ ਨਾ-ਪਸੰਦ ਕੀਤਾ ਅਤੇ ਫ਼ਰਮਾਇਆ ਕਿ ਤੁਸੀਂ ਸਾਡੇ ਰੁਪਈਏ ਨੂੰ ਆਪਣੇ ਰੁਪਈਏ ਤੋਂ ਅਲਗ ਸਮਝਦੇ ਹੋ?

ਹਜ਼ਰਤ ਸ਼ੇਖ਼ ਯਅਕੂਬ ਅਲੀ ਇਰਫ਼ਾਨੀ ਰਜ਼ਿ ਅੱਲਾਹੁ ਅਨਹੁ ਲਿਖਦੇ ਹਨ ਕਿ ਜਦ ਤੋਂ ਹਜ਼ੂਰ عليه السلام ਨੇ ਬਿਅਸਤ ਦਾ ਐਲਾਨ ਕੀਤਾ ਅਤੇ ਲੋਕਾਂ ਨੂੰ ਇਹ ਵੀ ਇਲਮ ਹੋਇਆ ਕਿ ਖ਼ੁਦਾ ਤਆਲਾ ਨੇ ਆਪ عليه السلام ਨੂੰ ਬਸ਼ਾਰਤ ਦਿੱਤੀ ਹੈ ਕਿ **ਬਾਦਸ਼ਾਹ** ਤੇਰੇ ਕੱਪੜਿਆਂ ‘ਚੋਂ **ਬਰਕਤ** ਢੂੰਡਣਗੇ। ਲੋਕ ਲਗਾਤਾਰ ਆਪ عليه السلام ਕੋਲੋਂ ਕੱਪੜੇ ਮੰਗਿਆ ਕਰਦੇ ਸਨ ਅਤੇ ਆਪ عليه السلام ਕਦੀ ਕਿਸੇ ਨੂੰ ਜਵਾਬ ਨਹੀਂ ਦਿੰਦੇ ਸਨ। ਕਈ ਵਾਰ ਇਹ ਹਾਲਤ ਹੋ ਜਾਂਦੀ ਕਿ ਆਪ عليه السلام ਦੇ ਬਦਨ ‘ਤੇ ਹੀ ਕੱਪੜੇ ਰਹਿ ਜਾਂਦੇ ਸਨ ਅਤੇ ਹੋਰ ਸਭ ਦੇ ਦਿੱਤੇ ਜਾਂਦੇ ਸਨ।

ਇੱਕ ਵਾਰ ਹਜ਼ੂਰ عليه السلام ਦੇ ਘਰ ਵਿੱਚ ਕਿਸੇ ਗ਼ਰੀਬ ਔਰਤ ਨੇ ਕੁੱਝ **ਚੌਲ** ਚੋਰੀ ਕਰ ਲਏ। ਲੋਕਾਂ ਨੇ ਉਸ ਨੂੰ ਦੇਖ ਲਿਆ ਅਤੇ ਸ਼ੋਰ ਪੈ ਗਿਆ। ਹਜ਼ੂਰ عليه السلام ਉਸ ਵੇਲੇ ਆਪਣੇ ਕਮਰੇ ਵਿੱਚ ਕੰਮ ਕਰ ਰਹੇ ਸਨ। ਸ਼ੋਰ ਸੁਣ ਕੇ ਬਾਹਰ ਤਸ਼ਰੀਫ਼ ਲਿਆਏ ਤਾਂ ਇਹ ਨਜ਼ਾਰਾ ਦੇਖਿਆ ਕਿ ਇੱਕ ਗ਼ਰੀਬ ਖ਼ਸਤਾ ਹਾਲ ਔਰਤ ਖੜੀ ਹੈ ਅਤੇ ਉਸ ਦੇ ਹੱਥ ਵਿੱਚ ਥੋੜੇ ਜਿਹੇ ਚੌਲ਼ਾਂ ਦੀ ਗਠੜੀ ਹੈ। ਹਜ਼ੂਰ عليه السلام ਨੂੰ ਵਾਕ਼ੇ ਦਾ ਇਲਮ ਹੋਇਆ ਅਤੇ ਉਸ ਗ਼ਰੀਬ ਔਰਤ ਦਾ ਹੁਲਿਆ

ਦੇਖਿਆ ਤਾਂ ਆਪ ﷺ ਦਾ ਦਿਲ **ਪਸੀਜ** ਗਿਆ। ਫ਼ਰਮਾਇਆ ਇਹ **ਭੁੱਖੀ** ਅਤੇ **ਕੰਗਾਲ** ਲੱਗਦੀ ਹੈ, ਇਸ ਨੂੰ ਕੁੱਝ ਚੌਲ਼ ਦੇ ਕੇ ਰੁਖ਼ਸਤ ਕਰ ਦਿਓ ਅਤੇ ਖ਼ੁਦਾ ਦੀ **ਸੱਤਾਰੀ** ਦਾ ਸ਼ੇਵਾ ਇਖ਼ਤਿਆਰ ਕਰੋ।

ਹਜ਼ਰਤ ਮਿਰਜ਼ਾ ਬਸ਼ੀਰ ਅਹਿਮਦ ਰਜ਼ਿ ਅੱਲਾਹੁ ਅਨਹੁ ਇਹ ਵਾਕ਼ਿਆ ਬਿਆਨ ਕਰਕੇ ਕੇ ਲਿਖਦੇ ਹਨ ਕਿ ਇਸ ਵਾਕ਼ੇ ਤੋਂ ਕੋਈ ਜਲਦਬਾਜ਼ ਸ਼ਖ਼ਸ ਕਹਿ ਸਕਦਾ ਹੈ ਕਿ ਇਹ ਗੱਲ ਤਾਂ ਚੋਰੀ 'ਤੇ **ਦਲੇਰੀ** ਪੈਦਾ ਕਰਨ ਵਾਲ਼ੀ ਹੈ ਜਾਂ ਇੱਕ ਚੋਰ ਹੈ ਉਸ ਨੂੰ ਆਪ ﷺ ਦਲੇਰ ਬਣਾ ਰਹੇ ਹੋ ਪਰ **ਅਕ਼ਲਮੰਦ** ਲੋਕ ਸਮਝਦੇ ਹਨ ਕਿ ਜਦ ਮਾਲ ਖ਼ੁਦ ਹਜ਼ੂਰ ﷺ ਦਾ ਆਪਣਾ ਸੀ ਅਤੇ ਲੈਣ ਵਾਲ਼ੀ ਔਰਤ ਇੱਕ ਭੁੱਖੀ ਮਰਦੀ ਕੰਗਾਲ ਔਰਤ ਸੀ ਤਾਂ ਇਹ ਚੋਰੀ 'ਤੇ ਮਦਦ ਨਹੀਂ ਬਲਕਿ ਹਕ਼ੀਕ਼ਤ ਵਿੱਚ ਗ਼ਰੀਬਾਂ ਨੂੰ ਖਾਣਾ ਖਵਾਉਣ ਵਿੱਚ ਦਾਖ਼ਿਲ ਹੈ। ਹਦੀਸਾਂ ਤੋਂ ਪਤਾ ਲੱਗਦਾ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਵੀ ਅਜਿਹੇ ਹਾਲਾਤ ਵਿੱਚ ਜਦਕਿ ਚੋਰੀ ਕਰਨ ਵਾਲ਼ਾ ਬਹੁਤ ਗ਼ਰੀਬ ਹੋਵੇ ਅਤੇ ਇੰਤਿਹਾਈ ਭੁੱਖ ਦੀ ਹਾਲਤ ਵਿੱਚ ਕੋਈ ਖਾਣ ਦੀ ਚੀਜ਼ ਚੁੱਕ ਲਵੇ ਤਾਂ ਉਸ ਨੂੰ ਚੋਰ ਨਹੀਂ ਗਰਦਾਨਿਆ ਬਲਕਿ ਨਜ਼ਰ ਅੰਦਾਜ਼ੀ ਤੋਂ ਕੰਮ ਲਿਆ ਹੈ। ਇਹ ਹਨ ਆਪਣੇ ਆਕ਼ਾ ਦੀ ਮੁਕੰਮਲ **ਪੈਰਵੀ** ਦੇ ਨਮੂਨੇ।

أَللّٰهُمَّ صَلِّ عَلٰى مُحَمَّدٍ وَعَلٰى عَبْدِكَ الْمَسِيْحِ الْمَوْعُوْدِ وَبَارِكْ وَسَلِّمْ

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِىَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞